# ਜਲ੍ਹਿਆਂਵਾਲਾ ਬਾਗ ਦੇ ਇਤਿਹਾਸਕ ਮੁਹਾਂਦਰੇ ਨੂੰ ਤਹਿਸ-ਨਹਿਸ ਕਰਨ 'ਤੇ ਤੁਲਿਆ ਅੰਮ੍ਰਿਤਸਰ ਪ੍ਰਸ਼ਾਸਨ ਤੇ ਬਾਗ ਦਾ ਟਰੱਸਟ

## ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹਾਕਮਾਂ ਖਿਲਾਫ ਇੱਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨ ਦਾ ਸੱਦਾ

*ਲਾਭ ਸਿੰਘ ਸਿੱਧੂ*

ਜਲੰਧਰ, 19 ਸਤੰਬਰ-ਜਲ੍ਹਿਆਂਵਾਲਾ ਬਾਗ ਦੇ ਮੂਲ ਇਤਿਹਾਸਕ ਮੁਹਾਂਦਰੇ ਨੂੰ ਤਹਿਸ-ਨਹਿਸ ਕੀਤੇ ਜਾਣ ਖਿਲਾਫ ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਖਤ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਸਮੂਹ ਇਤਿਹਾਸਕਾਰਾਂ ਅਤੇ ਕੌਮੀ ਵਿਰਾਸਤ ਦੇ ਪਹਿਰੇਦਾਰਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਅਜ਼ਾਦੀ ਸੰਗਰਾਮ ਦੇ ਇਤਿਹਾਸ ਅੰਦਰ ਨਵਾਂ ਮੀਲ ਪੱਥਰ ਗੱਡਣ ਵਾਲੇ ਇਸ ਇਤਿਹਾਸਕ ਸਥਾਨ ਦੇ ਯਾਦਗਾਰੀ ਚਿੰਨ੍ਹ ਮਿਟਾਉਣ 'ਤੇ ਤੁਲੇ ਅੰਮ੍ਰਿਤਸਰ ਪ੍ਰਸ਼ਾਸਨ, ਬਾਗ ਟਰੱਸਟ ਅਤੇ ਹਾਕਮਾਂ ਖਿਲਾਫ ਇੱਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨ ਲਈ ਅੱਗੇ ਆਉਣ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਕੇਂਦਰ ਅਤੇ ਪੰਜਾਬ ਸਰਕਾਰ ਉਪਰ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇੱਕ ਪਾਸੇ ਇਹ ਸ਼ਹੀਦ ਭਗਤ ਸਿੰਘ ਦੀ ਅੰਮ੍ਰਿਤਸਰ 'ਚ ਜਨਮ ਸ਼ਤਾਬਦੀ ਮਨਾਉਣ ਦੀਆਂ ਗੱਲਾਂ ਕਰ ਰਹੀ ਹੈ, ਦੂਸਰੇ ਪਾਸੇ ਸ਼ਹੀਦ ਭਗਤ ਸਿੰਘ ਸਮੇਤ ਅਨੇਕਾਂ ਅਜ਼ਾਦੀ ਘੁਲਾਟੀਆਂ ਲਈ ਪ੍ਰੇਰਣਾ ਸਰੋਤ ਬਣੇ ਜਲ੍ਹਿਆਂਵਾਲਾ ਬਾਗ ਦੇ ਇਤਿਹਾਸਕ ਵਜੂਦ ਨੂੰ ਮਨਮਰਜ਼ੀ ਨਾਲ ਵਿਗਾੜਨ ਦੇ ਰਾਹ ਪੈ ਗਈ ਹੈ।

ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੰਧਰਵ ਸੇਨ ਕੋਛੜ ਨੇ ਦੱਸਿਆ ਕਿ ਜਲ੍ਹਿਆਂਵਾਲਾ ਬਾਗ ਦੀ ਤੰਗ ਗਲੀ ਵਿੱਚ ਦਾਖਲ ਹੋ ਕੇ ਜਨਰਲ ਡਾਇਰ ਨੇ ਪੁਰਅਮਨ ਅਤੇ ਨਿਹੱਥੇ ਲੋਕਾਂ ਦੇ ਇਕੱਠ ਉਪਰ ਗੋਲੀਆਂ ਦੀ ਵਾਛੜ ਕਰਕੇ 1000 ਲੋਕਾਂ ਨੂੰ ਸ਼ਹੀਦ ਕਰ ਦਿੱਤਾ ਸੀ। ਇਸ ਗਲੀ ਦੇ ਖੱਬੇ ਹੱਥ ਦੇ ਹੋਰ ਨਿੱਕੀਆਂ ਗਲੀਆਂ ਅਤੇ ਇਮਾਰਤਾਂ ਵੀ ਹਨ, ਜਿਨ੍ਹਾਂ ਨੂੰ ਢਹਿ-ਢੇਰੀ ਕਰਕੇ ਜਲ੍ਹਿਆਂਵਾਲਾ ਬਾਗ ਐਕਟ 1951 ਦੀ ਸਿੱਧੀ ਉਲੰਘਣਾ ਕੀਤੀ ਜਾ ਰਹੀ ਹੈ। ਇਤਿਹਾਸਕ ਯਾਦਗਾਰ ਦਾ ਮੂੰਹ ਮੱਥਾ ਵਿਗਾੜ ਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਤਿਹਾਸਕ ਹਕੀਕਤਾਂ ਤੋਂ ਕੋਰੇ ਰੱਖਣ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ।

ਜਨਰਲ ਸਕੱਤਰ ਨੇ ਚਿਤਾਵਨੀ ਭਰੇ ਅੰਦਾਜ਼ 'ਚ ਕਿਹਾ ਕਿ ਚੰਗਾ ਇਹ ਹੀ ਹੈ ਕਿ ਅੰਮ੍ਰਿਤਸਰ ਪ੍ਰਸ਼ਾਸਨ, ਜਲ੍ਹਿਆਂਵਾਲਾ ਬਾਗ ਟਰੱਸਟ ਅਤੇ ਉਨ੍ਹਾਂ ਦੀ ਪਿੱਠ ਥਾਪੜ ਰਹੀ ਹਕੂਮਤ ਸਮੁੱਚੀ ਕੌਮ ਤੋਂ ਆਪਣੇ ਕੀਤੇ ਇਸ ਅਪਰਾਧ ਦੀ ਖਿਮਾ ਮੰਗੇ ਅਤੇ ਤੁਰੰਤ ਆਪਣੇ ਹੱਥ ਰੋਕ ਕੇ ਇਸ ਇਤਿਹਾਸਕ ਯਾਦਗਾਰ ਦੇ ਮੂਲ ਸਰੂਪ ਨੂੰ ਜਿਓਂ ਦੀ ਤਿਓਂ ਬਰਕਰਾਰ ਰੱਖਣ ਲਈ ਜਨਤਕ ਐਲਾਨ ਕਰੇ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਕਾਮਰੇਡ ਨੌਨਿਹਾਲ ਸਿੰਘ ਨੇ ਪੱਤਰਕਾਰਾਂ ਅੱਗੇ ਜਲ੍ਹਿਆਂਵਾਲਾ ਬਾਗ ਐਕਟ 1951 ਦੀਆਂ ਕਾਪੀਆਂ, ਢਹਿ ਕੀਤੀਆਂ ਜਾ ਰਹੀਆਂ ਇਤਿਹਾਸਕ ਗਲੀਆਂ ਦੀਆਂ ਤਸਵੀਰਾਂ ਅਤੇ ਹੋਰ ਇਤਿਹਾਸਕ ਹਵਾਲਿਆਂ ਦਾ ਮੂੰਹ ਬੋਲਦਾ ਸਬੂਤ ਪੇਸ਼ ਕਰਦਿਆਂ ਦਾਅਵਾ ਜਿਤਾਇਆ ਕਿ ਹੁਣ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ, ਇਹ ਚਿੱਟੇ ਦਿਨ ਵਰਗਾ ਸੱਚ ਹੈ ਕਿ ਇਤਿਹਾਸਕ ਯਾਦਗਾਰ ਨਾਲ ਇਹ ਕਹਿ ਕੇ 'ਅਸੀਂ ਤਾਂ ਸਿਰਫ ਨਜਾਇਜ਼ ਦੁਕਾਨਾਂ ਢਾਹੀਆਂ ਹਨ' ਕੁਫਰ ਤੋਲਣ ਦੇ ਨਾਲ ਨਾਲ, ਨੰਗਾ ਚਿੱਟਾ ਖਿਲਵਾੜ ਵੀ ਕੀਤਾ ਜਾ ਰਿਹਾ ਹੈ ਅਤੇ ਕਾਨੂੰਨ ਜੁਰਮ ਵੀ।

ਉਨ੍ਹਾਂ ਕਿਹਾ ਕਿ ਜੇਕਰ ਅੰਮ੍ਰਿਤਸਰ ਪ੍ਰਸ਼ਾਸਨ, ਜਲ੍ਹਿਆਂਵਾਲਾ ਬਾਗ ਟਰੱਸਟ ਅਤੇ ਸਰਕਾਰ ਅਜਿਹਾ ਕਰਨ ਤੋਂ ਬਾਜ਼ ਨਾ ਆਏ ਤਾਂ ਦੇਸ਼ ਭਗਤ ਯਾਦਗਾਰ ਕਮੇਟੀ ਹੋਰਨਾਂ ਭਰਾਤਰੀ ਇਤਿਹਾਸਕਾਰਾਂ, ਬੁੱਧੀਜੀਵੀਆਂ ਅਤੇ ਇਨਕਲਾਬੀ ਇਤਿਹਾਸ ਦੀ ਵਿਰਾਸਤ ਲੈ ਕੇ ਸੰਘਰਸਸ਼ੀਲ ਹਿੱਸਿਆਂ ਦੀ ਮਦਦ ਲਈ ਅਗਲੇ ਸਖਤ ਕਦਮ ਚੁੱਕਣ 'ਤੇ ਮਜਬੂਰ ਹੋਵੇਗੀ।

ਕਮੇਟੀ ਦੇ ਟਰੱਸਟੀ ਅਤੇ ਸੱਭਿਆਚਾਰਕ ਵਿੰਗ *(ਬਾਕੀ ਸਫਾ 10 ਕਾਲਮ 1 'ਤੇ)*

# जलियांवाला बाग ट्रस्ट व अमृतसर प्रशासन के खिलाफ की आवाज बुलंद

**जागरण संवाददाता, जालंधर :** जलियांवाला बाग के मूल ऐतिहासिक दिख को तहस-नहस किए जाने पर देशभगत यादगार कमेटी ने सख्त प्रतिक्रिया व्यक्त की है। कमेटी के सदस्यों ने समूह लोगों से आह्वान किया है कि स्वतंत्रता संग्राम के इतिहास में मील का पत्थर बने इस ऐतिहासिक स्थान के यादगारी चिन्ह मिटाने पर तुले अमृतसर प्रशासन, बाग ट्रस्ट व सरकार के खिलाफ आवाज बुलंद करने के लिए आगे आएं। इस संबंध में देशभगत यादगार हाल में मंगलवार को हुए एक संवाददाता सम्मेलन में देशभगत यादगार कमेटी के महासचिव कामरेड गंधर्व सेन कोछड़ ने कहा कि जलियांवाला बाग की तंग गली में से दाखिल होकर जनरल डायर ने गोली चलाकर एक हजार लोगों को शहीद कर दिया था। इस गली के बाएं हाथ अन्य छोटी गलियां व इमारतें हैं, जिन्हें तोड़कर जलियांवाला बाग एक्ट-1951 का सीधे रूप से उल्लंघन किया जा रहा है। इस ऐतिहासिक यादगार से छेड़छाड़ करके आने वाली पीढ़ियों को ऐतिहासिक हकीकतों से दूर ले जाने की कवायद की जा रही है। कामरेड कोछड़ ने कहा कि अमृतसर प्रशासन, जलियांवाला बाग ट्रस्ट व सरकार इस अपराध के लिए कौम से माफी मांगे।

# ਜਲ੍ਹਿਆਂਵਾਲੇ ਬਾਗ ਦਾ ਇਤਿਹਾਸਕ ਮੁਹਾਂਦਰਾ

(ਸਫ਼ਾ 1 ਦੀ ਬਾਕੀ)

ਦੇ ਕਨਵੀਨਰ ਗੁਰਮੀਤ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਉਨ੍ਹਾਂ ਨਾਲ ਵਿੱਤ ਸਕੱਤਰ ਕਾਮਰੇਡ ਰਘਬੀਰ ਸਿੰਘ ਢੀਨਾ ਅਤੇ ਟਰੱਸਟੀ ਕਾਮਰੇਡ ਰਾਜੇਸ਼ਵਰ ਸਿੰਘ ਯਾਦਗਾਰ ਹਾਲ ਤੇ ਮੌਕੇ ਦੀ ਸਥਿਤੀ ਦਾ ਜਾਇਜ਼ਾ ਲੈਣ ਗਏ ਤਾਂ ਉਨ੍ਹਾਂ ਅੱਖੀਂ ਡਿੱਠਾ ਹੈ ਕਿ ਪ੍ਰਸ਼ਾਸਨ ਸਰੇਆਮ ਯਾਦਗਾਰੀ ਇਮਾਰਤ ਨੂੰ ਤਬਾਹ ਕਰਨ 'ਤੇ ਤੁਲਿਆ ਹੈ ਅਤੇ ਆਪਣੇ ਬਚਾਅ ਪੱਖ ਲਈ ਝੂਠ ਦਾ ਸਹਾਰਾ ਲੈ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਪੁਰਾਤਤਵ ਵਿਭਾਗ ਦੇ ਨਿਯਮ ਤਾਂ ਸਗੋਂ ਯਾਦਗਾਰੀ ਥਾਵਾਂ ਦੀ ਰਾਖੀ ਲਈ ਨਾਲ ਲੱਗਦੀਆਂ ਇਮਾਰਤਾਂ ਦੀ ਸੰਭਾਲਣ ਦੀ ਗੱਲ ਕਰਦਾ ਹੈ, ਜਦੋਂ ਕਿ ਜਲ੍ਹਿਆਂਵਾਲਾ ਬਾਗ ਦੇ ਮਾਮਲੇ 'ਚ ਪ੍ਰਸ਼ਾਸਨ ਪੁੱਠੇ ਪੈਰੀਂ ਚੱਲ ਰਿਹਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਮੁਰਾਰਜੀ ਡਿਸਾਈ ਵੱਲੋਂ 20 ਜਨਵਰੀ 1978 ਨੂੰ ਲਿਖੀ ਚਿੱਠੀ ਅਤੇ ਜਲ੍ਹਿਆਂਵਾਲਾ ਬਾਗ ਨੈਸ਼ਨਲ ਮੈਮੋਰੀਅਲ ਐਕਟ 1951 ਦੇ ਸੰਬੰਧਤ ਅੰਸ਼ ਪੱਤਰਕਾਰਾਂ ਅੱਗੇ ਪੇਸ਼ ਕੀਤੇ, ਜੋ ਇਸ ਇਮਾਰਤ ਦੇ ਨਾਲ ਕਿਸੇ ਕਿਸਮ ਦੀ ਛੇੜਛਾੜ ਕਰਨ ਤੋਂ ਵਰਜਿਤ ਕਰਨ ਦੀ ਗਵਾਹੀ ਭਰਦੇ ਹਨ।

ਪ੍ਰੈੱਸ ਕਾਨਫਰੰਸ 'ਚ ਇਤਿਹਾਸ ਦੀਆਂ ਪੈੜਾਂ ਦੇ ਹਵਾਲੇ ਦਿੰਦਿਆਂ ਕਮੇਟੀ ਦੇ ਨੁਮਾਇੰਦਿਆਂ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਤਹਿਰੀਕ 'ਚ ਸਿਫਤੀ ਮੋੜ ਲਿਆਉਣ ਵਾਲੇ ਜਲ੍ਹਿਆਂਵਾਲਾ ਬਾਗ ਦੀ ਲਹੂ ਰੱਤੀ ਮਿੱਟੀ ਨੂੰ ਸਾਰੀ ਉਮਰ ਭਗਤ ਸਿੰਘ ਨੇ ਸੰਭਾਲ ਕੇ ਰੱਖਿਆ ਸੀ, ਊਧਮ ਸਿੰਘ ਨੇ ਇਸ ਧਰਤੀ ਦੀ ਸੌਗੰਧ ਖਾ ਕੇ ਕੌਮੀ ਗੌਰਵ ਅਤੇ ਅਜ਼ਾਦੀ ਲਈ ਆਪਾ ਨਿਛਾਵਰ ਕੀਤਾ ਸੀ, ਅੱਜ ਉਸ ਮਹਾਨ ਇਤਿਹਾਸਕਾਰ ਅਤੇ ਪ੍ਰੇਰਣਾਮਈ ਸਥਾਨ ਦਾ ਨਕਸ਼ਾ ਵਿਗਾੜਨ 'ਤੇ ਤੁਲੇ ਹਾਕਮਾਂ ਖਿਲਾਫ ਜ਼ੋਰਦਾਰ ਆਵਾਜ਼ ਬੁਲੰਦ ਕਰਨਾ ਸਾਡਾ ਸਭ ਦਾ ਇਤਿਹਾਸਕ ਫਰਜ਼ ਬਣ ਗਿਆ ਹੈ।

ਪ੍ਰੈੱਸ ਕਾਨਫਰੰਸ 'ਚ ਕਮੇਟੀ ਮੈਂਬਰ ਰਾਜੇਸ਼ਵਰ ਸਿੰਘ, ਸੁਰਿੰਦਰ ਕੁਮਾਰੀ ਕੋਛੜ, ਅਮੋਲਕ ਸਿੰਘ, ਦਰਬਾਰਾ ਸਿੰਘ ਢਿੱਲੋਂ (ਉਪ ਪ੍ਰਧਾਨ), ਰਘਬੀਰ ਸਿੰਘ ਢੀਨਾ ਤੋਂ ਇਲਾਵਾ ਹੋਰ ਕਮੇਟੀ ਮੈਂਬਰ ਮੌਜੂਦ ਸਨ।